# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

## ਡੀਨ ਰਿਸਰਚ ਦਫਤਰ

PUNJABI UNIVERSITY PATIALA

ਨੰ:. 188/ਡੀਨ ਰਿਸਰਚ
ਮਿਤੀ..8/11/2025.

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਿਤ ਕਮੇਟੀ ਦੀਆਂ ਸਿਫਾਰਸ਼ਾਂ ਸਬੰਧੀ ਕਾਂਸਟੀਚੂਐਂਟ ਕਾਲਜਾਂ ਅਤੇ ਪੰਜਾਬੀ ਯੂਨੀਵਰਸਿਟੀ ਨਾਲ Affiliated Colleges ਦੇ ਸਮੂਹ ਮੁਖੀ/ਇੰਚਾਰਜ/ਪ੍ਰਿੰਸੀਪਲ/ਅਧਿਆਪਕ ਸਾਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧਿਆਪਕ ਵੱਲੋਂ ਲਿਖੀਆਂ ਕਿਤਾਬਾਂ ਨੂੰ ਮੈਨ ਲਾਇਬ੍ਰੇਰੀ, ਪੰਜਾਬੀ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ/ਯੂਨੀਵਰਸਿਟੀ ਦੀ ਵੈਬਸਾਈਟ 'ਤੇ ਅਪਲੋਡ ਕਰਨ ਸਬੰਧੀ, ਨਿਮਨ ਅਨੁਸਾਰ ਦਰਸਾਈ ਜਾਣਕਾਰੀ ਦੇਣੀ ਲਾਜ਼ਮੀ ਹੋਵੇਗੀ, ਇਸ ਉਪਰੰਤ ਹੀ ਕੇਸ ਅਗਲੇਰੀ ਕਾਰਵਾਈ ਹਿੱਤ ਵਿਚਾਰਿਆ ਜਾਵੇਗਾ:

1. ਅਧਿਆਪਕ ਵੱਲੋਂ ਲਿਖੀ ਕਿਤਾਬ ਦੀ Plagiarism ਚੈੱਕ ਕਰਵਾਉਣ ਉਪਰੰਤ ਉਸ ਦੀ ਰਿਪੋਰਟ ਪੇਸ਼ ਕਰਨੀ ਲਾਜ਼ਮੀ ਹੋਵੇਗੀ। ਪੰਜਾਬੀ ਯੂਨੀਵਰਸਿਟੀ ਵੱਲੋਂ Plagiarism ਚੈੱਕ ਕਰਨ ਲਈ ਜੋ ਸਾਫਟਵੇਅਰ ਵਰਤਿਆਂ ਜਾਂਦਾ ਹੈ, ਸਬੰਧਤ ਅਧਿਆਪਕ ਵੱਲੋਂ ਉਸੇ ਸਾਫਟਵੇਅਰ ਰਾਹੀਂ Plagiarism ਚੈੱਕ ਕਰਵਾਈ ਜਾਵੇ।
2. ਅਧਿਆਪਕ ਵੱਲੋਂ ਇੱਕ Self Declaration ਦਿੱਤਾ ਜਾਵੇ ਕਿ ਕਿਤਾਬ ਦਾ ਸਾਰਾ ਕੰਮ Original work ਹੈ।
3. ਅਧਿਆਪਕ ਵੱਲੋਂ ਕਿਤਾਬ ਵਿੱਚ ਛਾਪੀਆਂ ਤਸਵੀਰਾਂ ਦੀ ਵਰਤੋਂ ਦਾ ਸਰਟੀਫਿਕੇਟ ਦਿੱਤਾ ਜਾਵੇ ਕਿ ਇਨ੍ਹਾਂ ਦੀ ਕਿਤਾਬ ਵਿੱਚ ਛਪਾਈ ਕਰਨ ਹਿੱਤ ਸਬੰਧਿਤ ਵਿਭਾਗ ਤੋਂ ਆਗਿਆ ਲੈ ਲਈ ਗਈ ਹੈ।

ਉਪਰੋਕਤ ਅਨੁਸਾਰ ਸਬੰਧਿਤ ਅਧਿਆਪਕ ਤੋਂ ਮੰਗੀ ਜਾਣਕਾਰੀ ਪ੍ਰਾਪਤ ਹੋਣ ਉਪਰੰਤ ਹੀ ਕੇਸ ਵਿਚਾਰਨ ਲਈ ਸਬ-ਕਮੇਟੀ (ਸਬੰਧਿਤ ਡੀਨ ਫੈਕਲਟੀ, ਵਿਸ਼ੇ ਨਾਲ ਸਬੰਧਿਤ ਵਿਭਾਗ ਦਾ ਮੁਖੀ ਅਤੇ ਵਿਭਾਗ ਵਿੱਚੋਂ ਵਿਸ਼ੇ ਦੇ Senior Most Professor/ਵਿਸ਼ੇ ਨਾਲ ਸਬੰਧਿਤ ਅਧਿਆਪਕ ਨਾ ਹੋਣ ਦੀ ਸੂਰਤ ਵਿੱਚ, ਫੈਕਲਟੀ ਵਿੱਚੋਂ ਕਿਤਾਬ ਦੇ ਵਿਸ਼ੇ ਨਾਲ ਸਬੰਧਤ ਅਧਿਆਪਕ) ਨੂੰ ਭੇਜਿਆ ਜਾਵੇਗਾ। ਕਮੇਟੀ ਵੱਲੋਂ ਇਹ ਵੀ ਸਿਫਾਰਸ਼ ਕੀਤੀ ਗਈ ਕਿ ਭਵਿੱਖ ਵਿੱਚ ਕਿਸੇ ਵੀ ਅਧਿਆਪਕ ਰਾਹੀਂ ਲਿਖੀ ਕਿਤਾਬ ਸਬੰਧੀ ਕਾਰਵਾਈ ਉਪਰੋਕਤ ਦਰਸਾਈ ਵਿਧੀ ਰਾਹੀਂ ਕਰ ਲਈ ਜਾਵੇ।

8-11-25

ਡੀਨ ਰਿਸਰਚ

ਉਤਾਰਾ:-

1. ਡੀਨ, ਕਾਲਜ ਵਿਕਾਸ ਕੌਂਸਲ (Affiliated Colleges ਨੂੰ ਜਾਣਕਾਰੀ ਭੇਜਣ ਦੀ ਖੇਚਲ ਕਰਨੀ ਜੀ।)
2. ਡਾਇਰੈਕਟਰ, ਕਾਂਸਟੀਚੂਐਂਟ ਕਾਲਜਾਂ
3. ਸਮੂਹ ਇੰਚਾਰਜ/ਪ੍ਰਿੰਸੀਪਲ ਸਾਹਿਬਾਨ, ਕਾਂਸਟੀਚੂਐਂਟ ਕਾਲਜਿਜ਼

ਡੀਨ ਕਾਲਜ/ਵਿਕਾਸ ਕੌਂਸਲ ਜਾਣਕਾਰੀ ਹਿੱਤ
ਸਾਰੇ ਕਾਲਜਾਂ ਨੂੰ Circulate ਕਰ ਦਿੱਤੀ

04/12/25